AAFDA

# ਘਰੇਲੂ ਕਤਲ ਜਾਂ ਤੁਹਾਡੇ ਪਰਿਵਾਰਕ ਮੈਂਬਰ ਦੀ ਆਤਮ-ਹੱਤਿਆ ਤੋਂ ਬਾਅਦ ਵਿਸ਼ੇਸ਼ੱਗ ਅਤੇ ਮਾਹਰਾਨਾ ਮਦਦ



ਅਸੀਂ ਇੱਥੇ ਆਪਣੇ ਆਪ ਆਏ ਹਾਂ ਅਤੇ ਸਾਨੂੰ ਪਤਾ ਹੈ ਕਿ ਜਾਣਕਾਰੀ ਕਰਕੇ ਤੁਸੀਂ ਬੇਹਦ ਹਾਵੀ ਹੋਏ ਜਜ਼ਬਾਤ ਮਹਿਸੂਸ ਕਰ ਸਕਦੇ ਹੋ।

ਸਾਡੇ ਮਾਹਰ ਵਕੀਲ ਮਦਦ ਕਰ ਸਕਦੇ ਹਨ।

## ਅਸੀਂ ਕੀ ਕਰਦੇ ਹਾਂ:

ਸਾਡੀ ਤਰਜੀਹ ਘਰੇਲੂ ਕਤਲ ਜਾਂ ਆਤਮ-ਹੱਤਿਆ ਨਾਲ ਸੋਗ ਵਿੱਚ ਡੁੱਬੇ ਪਰਿਵਾਰਾਂ ਲਈ ਵਕਾਲਤ ਕਰਨਾ ਹੈ।

**ਅਜਿਹਾ ਕਰਨ ਲਈ, ਅਸੀਂ:**

- ਸਮਝ-ਬੂਝ ਅਤੇ ਹਮਦਰਦੀ ਨਾਲ ਤੁਹਾਡੀ ਗੱਲ ਸੁਣਦੇ ਹਾਂ।
- ਯਕੀਨੀ ਬਣਾਉਂਦੇ ਹਾਂ ਕਿ ਤੁਹਾਡੀ ਗੱਲ ਸੁਣੀ ਜਾਵੇ।
- ਵਿਸ਼ੇਸ਼ੱਗ ਅਤੇ ਮਾਹਰ ਵਕੀਲ ਮੁਹੱਈਆ ਕਰਦੇ ਹਾਂ।
- ਘਰੇਲੂ ਕਤਲ ਦੀਆਂ ਸਮੀਖਿਆਵਾਂ, ਗੰਭੀਰ ਕੇਸ ਦੀਆਂ ਸਮੀਖਿਆਵਾਂ, ਮਾਨਸਿਕ ਸਿਹਤ ਸਮੀਖਿਆਵਾਂ, ਮੌਤ ਦੀ ਜਾਂਚ ਅਤੇ ਅਜਿਹੀਆਂ ਪੜਤਾਲਾਂ ਦੌਰਾਨ ਤੁਹਾਡੀ ਵਕਾਲਤ ਲਈ ਉਸ ਮਹਾਰਤ ਦੀ ਵਰਤੋਂ ਕਰਦੇ ਹਾਂ।
- ਪਰਿਵਾਰਾਂ ਨੂੰ ਉਨ੍ਹਾਂ ਦੀ ਕਹਾਣੀ ਸਾਂਝੀ ਕਰਨ ਅਤੇ ਆਪਣੇ ਵਰਗੇ ਵਿਅਕਤੀਆਂ ਦੀ ਸਹਾਇਤਾ ਤੋਂ ਲਾਭ ਲੈਣ ਲਈ ਉਨ੍ਹਾਂ ਨੂੰ ਇਕੱਠੇ ਕਰਦੇ ਹਾਂ।
- ਇਕੱਠੇ ਹੋਣ ਅਤੇ ਆਪਣੀਆਂ ਕਹਾਣੀਆਂ ਸਾਂਝੀਆਂ ਕਰਨ ਅਤੇ ਆਪਣੇ ਵਰਗੇ ਵਿਅਕਤੀਆਂ ਦੀ ਸਹਾਇਤਾ ਤੋਂ ਲਾਭ ਲੈਣ ਲਈ ਪਰਿਵਾਰਾਂ ਲਈ ਮੌਕੇ ਪੈਦਾ ਕਰਦੇ ਹਾਂ।

**ਸਾਡੀ ਸੇਵਾ ਸੁਤੰਤਰ, ਮੁਫ਼ਤ ਅਤੇ ਤੁਹਾਡੀ ਅਗਵਾਈ ਵਾਲੀ ਹੁੰਦੀ ਹੈ।**

## ਅਸੀਂ ਕੌਣ ਹਾਂ?

AAFDA (ਏਏਐੱਫਡੀਏ) ਕੋਲ ਘਰੇਲੂ ਦੁਰਵਿਵਹਾਰ ਤੋਂ ਬਾਅਦ ਪਰਿਵਾਰਕ ਮੈਂਬਰ ਜਾਂ ਦੋਸਤ ਦੇ ਕਤਲ ਜਾਂ ਆਤਮ-ਹੱਤਿਆਂ ਤੋਂ ਬਾਅਦ ਪਰਿਵਾਰਾਂ ਦੀ ਵਕਾਲਤ ਕਰਨ ਦਾ 11 ਸਾਲ ਤੋਂ ਵੱਧ ਸਮੇਂ ਦਾ ਤਜਰਬਾ ਹੈ। ਸਾਡੇ ਬਾਨੀ ਵੱਲੋਂ ਘਰੇਲੂ ਕਤਲ ਵਿੱਚ ਆਪਣੇ ਪਰਿਵਾਰਕ ਮੈਂਬਰਾਂ ਨੂੰ ਗੁਆ ਲੈਣ ਤੋਂ ਬਾਅਦ AAFDA ਦੀ ਸਥਾਪਨਾ ਕੀਤੀ ਗਈ ਸੀ।

ਸਾਡੇ ਵਿਸ਼ੇਸ਼ੱਗ ਅਤੇ ਮਾਹਰ ਵਕੀਲ ਘਰੇਲੂ ਦੁਰਵਿਵਹਾਰ ਦੇ ਸਾਰੇ ਪਹਿਲੂਆਂ ਅਤੇ ਘਰੇਲੂ ਕਤਲ ਜਾਂ ਆਤਮ-ਹੱਤਿਆ ਤੋਂ ਬਾਅਦ ਦੀਆਂ ਪ੍ਰਕਿਰਿਆਵਾਂ ਸਬੰਧੀ ਬਹੁਤ ਜ਼ਿਆਦਾ ਸਿਖਲਾਈ-ਪ੍ਰਾਪਤ ਅਤੇ ਬਹੁਤ ਹੀ ਗਿਆਨਵਾਨ ਹੁੰਦੇ ਹਨ। ਸਾਡੇ ਸਾਰੇ ਵਕੀਲਾਂ ਕੋਲ ਘਰੇਲੂ ਦੁਰਵਿਵਹਾਰ ਤੋਂ ਬਾਅਦ ਘਰੇਲੂ ਕਤਲ ਜਾਂ ਆਤਮ-ਹੱਤਿਆ ਸਬੰਧੀ ਤਜਰਬਾ ਹੁੰਦਾ ਹੈ, ਜੋ ਸਾਡੀ ਸੇਵਾ ਨੂੰ ਆਪਣੇ ਵਰਗੇ ਵਿਅਕਤੀਆਂ ਦੀ ਅਗਵਾਈ ਦੇ ਯੋਗ ਬਣਾਉਂਦਾ ਹੈ।

## ਪਰਿਵਾਰਾਂ ਨੇ ਜੋ ਸਾਨੂੰ ਦੱਸਿਆ ਹੈ:

"AAFDA ਨੇ ਮੈਨੂੰ ਆਪਣੀਆਂ ਧੀਆਂ ਦੀ ਆਵਾਜ਼ ਸੁਣੇ ਜਾਣ ਲਈ ਸਮਰੱਥ ਬਣਾਇਆ ਸੀ"

"AAFDA ਇੱਕ ਜੀਵਨ-ਰੇਖਾ ਦੀ ਤਰ੍ਹਾਂ ਸੀ"

"ਮੈਂ ਆਪਣੇ ਵਕੀਲ ਤੋਂ ਬਗੈਰ ਇਸ ਪ੍ਰਕਿਰਿਆ ਵਿੱਚੋਂ ਨਹੀਂ ਲੰਘ ਸਕਣਾ ਸੀ"

"AAFDA ਨੇ ਪ੍ਰਸ਼ਨਾਂ ਦਾ ਉੱਤਰ ਹਾਸਲ ਕਰਨ ਲਈ ਦਿਸ਼ਾ ਵਾਸਤੇ ਮੇਰੀ ਅਗਵਾਈ ਕੀਤੀ "

ਜੇ ਤੁਸੀਂ ਘਰੇਲੂ ਦੁਰਵਿਵਹਾਰ ਤੋਂ ਬਾਅਦ ਘਰੇਲੂ ਕਤਲ ਜਾਂ ਆਤਮ-ਹੱਤਿਆ ਕਰਕੇ ਆਪਣੇ ਪਰਿਵਾਰ ਦੇ ਕਿਸੇ ਮੈਂਬਰ ਜਾਂ ਦੋਸਤ ਨੂੰ ਗੁਆ ਲਿਆ ਹੈ, ਤਾਂ ਅਸੀਂ ਇੱਥੇ ਮਦਦ ਲਈ ਮੌਜੂਦ ਹਾਂ।

**ਸਾਡੇ ਨਾਲ help@aafda.org.uk ਰਾਹੀਂ ਸੰਪਰਕ ਕਰੋ ਜਾਂ 07887 488464 'ਤੇ ਕਾਲ ਕਰੋ**

ਸਾਡੇ ਆਮ ਦਫ਼ਤਰੀ ਘੰਟੇ ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਤੱਕ ਹਨ ਪਰ ਅਸੀਂ ਇਨ੍ਹਾਂ ਘੰਟਿਆਂ ਤੋਂ ਬਾਅਦ ਵੀ ਕਾਲਾਂ ਸੁਣ ਸਕਦੇ ਹਾਂ।

ਜੇ ਅਸੀਂ ਉਪਲਬਧ ਨਹੀਂ ਹੁੰਦੇ, ਤਾਂ ਕਿਰਪਾ ਕਰਕੇ ਸੁਨੇਹਾ ਛੱਡ ਦਿਓ ਅਤੇ ਅਸੀਂ ਛੇਤੀ ਤੋਂ ਛੇਤੀ ਤੁਹਾਡੇ ਨਾਲ ਮੁੜ ਸੰਪਰਕ ਕਰਾਂਗੇ।

www.aafda.org.uk | AAFDA LTD, Charity No 1185078,
Company No 9527065 registered in England & Wales